# ਸਰਕਾਰੀ ਕਾਲਜ ਲੜਕੀਆਂ, ਲੁਧਿਆਣਾ

## ਵਿਸ਼ਾ :- ਪੰਜਾਬੀ ਸਾਹਿਤ ਦੀ ਕਾਲ-ਵੰਡ



# ਕਾਲ ਵੰਡ

ਜਦੋਂ ਅਸੀਂ ਕਿਸੇ ਭਾਸ਼ਾ ਦੇ ਸਾਹਿਤ ਨੂੰ ਕਿਸੇ ਤਰਤੀਬ ਵਿੱਚ ਪੇਸ਼ ਕਰਦੇ ਹਾਂ ਤਾਂ ਇਸ ਨੂੰ ਕਾਲ-ਵੰਡ ਕਿਹਾ ਜਾਂਦਾ ਹੈ। ਕਿਸੇ ਭਾਸ਼ਾ ਦੇ ਸਾਹਿਤ ਦਾ ਇਤਿਹਾਸ, ਉਸ ਸਮਾਨ ਦੀ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਿਕ ਸਥਿਤੀ ਨਾਲ ਸਹਿ-ਸਬੰਧਿਤ ਕਰਕੇ ਲਿਖਿਆ ਜਾਂਦਾ ਹੈ। ਜਦੋਂ ਵੀ ਇਸ ਸਮਾਜਿਕ, ਸੱਭਿਆਚਾਰਕ ਤੇ ਰਾਜਨੀਤਿਕ ਗਤੀ ਵਿੱਚ ਕੋਈ ਪੜਾਅ, ਮੋੜ ਜਾਂ ਪਰਿਵਰਤਨ ਆਵੇ ਜੋ ਸਮੁੱਚੇ ਸਾਹਿਤਾਂ ਦੇ ਸਰੂਪ ਜਾਂ ਸੁਭਾਅ ਨੂੰ ਬਦਲਣ ਦੇ ਸਮਰੱਥ ਹੋਵੇ, ਉਸ ਨੂੰ ਅਸੀਂ ਇੱਕ ਵਿਸ਼ੇਸ਼ 'ਕਾਲ' ਮਿਥ ਲੈਂਦੇ ਹਾਂ। ਇਸ ਤਰ੍ਹਾਂ ਸਮੁੱਚੇ ਸਾਹਿਤ ਇਤਿਹਾਸ ਵਿੱਚ ਇਸ ਤਰ੍ਹਾਂ ਦੇ ਜਿੰਨੇ ਵੀ ਪੜਾਅ ਆਉਂਦੇ ਹਨ 'ਕਾਲ-ਖੰਡ' ਅਖਵਾਉਂਦੇ ਹਨ। ਇਹਨਾਂ ਕਾਲ-ਖੰਡਾਂ ਨੂੰ ਜਦੋਂ ਅਸੀਂ ਕੋਈ ਨਾ ਕੋਈ ਨਾਮ ਦੇ ਕੇ ਨਿਖੇੜਨ ਦਾ ਯਤਨ ਕਰਦੇ ਹਾਂ ਤਾਂ ਉਹ ਸਾਹਿਤ ਦੇ ਇਤਿਹਾਸ ਦੀ ਕਾਲ-ਵੰਡ ਅਖਵਾਉਂਦੀ ਹੈ। ਇਸ ਕਿਸਮ ਦੀ ਕਾਲ-ਵੰਡ ਲਈ ਸਾਡੇ ਇਤਿਹਾਸਕਾਰਾਂ ਵੱਲੋਂ ਇੱਕ ਤੋਂ ਬਹੁਤੇ ਅਧਾਰ ਬਣਾਏ ਗਏ ਹਨ। ਇਹਨਾਂ ਅਧਾਰਾਂ ਵਿੱਚ ਰਾਜਨੀਤਿਕ ਘਰਾਣੇ, ਸਾਹਿਤਕਾਰ, ਧਾਰਾ, ਪ੍ਰਵਿਰਤੀ ਜਾਂ ਸਾਹਿਤ ਰੂਪ ਕੋਈ ਵੀ ਹੋ ਸਕਦਾ ਹੈ। ਪਰ ਕਾਲ-ਵੰਡ ਦੇ ਲਈ ਲਿਆ ਜਾਣ ਵਾਲਾ ਅਧਾਰ ਜਿੰਨਾਂ ਸਾਹਿਤਕ ਹੋਵੇ, ਸਾਹਿਤ-ਇਤਿਹਾਸ ਓਨਾ ਹੀ ਪ੍ਰਮਾਣਿਕ ਹੋਵੇਗਾ।

# ਕਾਲ ਵੰਡ ਦੇ ਅਧਾਰ :

1. ਕਿਸੇ ਇਤਿਹਾਸਕ ਵਿਅਕਤੀ ਜਾਂ ਰਾਜ ਘਰਾਣੇ ਦੇ ਨਾਂ ਤੇ।
2. ਕਿਸੇ ਉਘੇ ਲੇਖਕ ਤੇ ਸਾਹਿਤਕਾਰ ਨਾਮ ਤੇ।
3. ਸਾਹਿਤ ਦੀ ਕਿਸੇ ਪ੍ਰਸਿੱਧ ਧਾਰਾ ਦੇ ਅਧਾਰ ਤੇ।
4. ਕਿਸੇ ਸਾਹਿਤ ਦੀ ਉਪਜ ਦੀ ਮਾਤਰਾ ਦੇ ਅਧਾਰ ਤੇ।
5. ਕਿਸੇ ਪ੍ਰਸਿੱਧ ਸਾਹਿਤ ਰੂਪ ਦੇ ਅਧਾਰ ਤੇ।
6. ਕਿਸੇ ਇੱਕ ਸਦੀ ਨੂੰ ਇੱਕ ਇਕਾਈ ਮੰਨ ਕੇ।
7. ਤ੍ਰੈ-ਕਾਲੀ ਵੰਡ ਦੇ ਅਧਾਰ।

# ਵੱਖ-ਵੱਖ ਵਿਦਵਾਨਾਂ ਦੁਆਰਾ ਕੀਤੀ ਗਈ ਕਾਲ-ਵੰਡ:

1. **ਬਾਵਾ ਬੁੱਧ ਸਿੰਘ**
   - ਹੰਸ ਚੋਗ
   - ਕੋਇਲ ਕੂ
   - ਬੰਬੀਹਾ ਬੋਲ

2. **ਡਾ. ਮੋਹਨ ਸਿੰਘ ਦੀਵਾਨਾ**
   - ਹਿਸਟਰੀ ਆਫ ਪੰਜਾਬੀ ਲਿਟਰੇਚਰ
     - ੳ) ਪੂਰਵ ਨਾਨਕ ਕਾਲ (8ਵੀਂ ਸਦੀ ਤੋਂ 1469)
     - ਅ) ਨਾਨਕ ਕਾਲ (1469 ਈ: ਤੋਂ 1708)
     - ੲ) ਪਿਛਲਾ ਮੁਗਲ ਕਾਲ (1708 ਈ: ਤੋਂ 1800)
     - ਸ) ਰਣਜੀਤ ਸਿੰਘ ਕਾਲ (1800 ਈ: ਤੋਂ 1864)
     - ਹ) ਬ੍ਰਿਟਿਸ਼ ਕਾਲ (1947 ਈ: ਤੱਕ)
   - ਪੰਜਾਬੀ ਅਦਲ ਦੀ ਮੁਖਤਸਰ ਤਵਾਰੀਖ਼
     - ੳ) ਨਾਥਾਂ ਜੋਗੀਆਂ ਦਾ ਸਮਾਂ (850 ਈ: ਤੋਂ 1540)
     - ਅ) ਜਗਤ ਗੁਰੂ ਨਾਨਕ ਦੇਵ ਜੀ ਦਾ ਅਹਿਦ (ਜਾਂ) ਗੁਰੂ ਘਰ ਦਾ ਯੁੱਗ (1708 ਈ: ਤੱਕ)
   - ਐਨ ਇਨਟਰੋਡਕਸ਼ਨ ਟੂ ਪੰਜਾਬੀ ਲਿਟਰੇਚਰ
     - ੳ) ਗੋਰਖ ਨਾਥ ਦਾ ਸਮਾਂ
     - ਅ) ਨਾਨਕ ਦਾ ਸਮਾਂ
     - ੲ) ਸੁਮਾਰਗ ਦਾ ਸਮਾਂ
     - ਸ) ਕਾਦਰ ਯਾਰ ਦਾ ਸਮਾਂ
     - ਹ) ਪਰਿਵਰਤਨ ਕਾਲ

3. **ਡਾ. ਬਨਾਰਸੀ ਦਾਸ ਜੈਨ**
   - ਸਿੱਖ ਮਜ਼੍ਹਬੀ ਲਿਟਰੇਚਰ
   - ਮੁਸਲਮਾਨ ਮਜ਼੍ਹਬੀ ਲਿਟਰੇਚਰ
   - ਹਿੰਦੂ ਲਿਟਰੇਚਰ
   - ਈਸਾਈ ਲਿਟਰੇਚਰ
   - ਦੁਨਿਆਵੀ ਲਿਟਰੇਚਰ
   - ਨਵਾਂ ਲਿਟਰੇਚਰ

4. **ਡਾ. ਗੋਪਾਲ ਸਿੰਘ ਦਰਦੀ**

– ਪੰਜਾਬੀ ਸਾਹਿਤ ਦਾ ਇਤਿਹਾਸ

ੳ) ਮੁੱਢਲਾ ਸਮਾਂ (1469 ਈ: ਤੱਕ)
ਅ) ਗੁਰੂ ਸਾਹਿਬਾਨ ਦਾ ਸਮਾਂ (1469 ਈ: ਤੋਂ 1708 ਈ: ਤੱਕ)
ੲ) ਪਿਛਲਾ ਮੁਗਲਈ ਕਾਲ (1708 ਈ: ਤੋਂ 1800 ਈ: ਤੱਕ)
ਸ) ਮਹਾਰਾਜਾ ਰਣਜੀਤ ਸਿੰਘ ਕਾਲ (1800 ਈ: ਤੋਂ 1849 ਈ: ਤੱਕ)
ਹ) ਅੰਗਰੇਜ਼ੀ ਕਾਲ (1849 ਈ: ਤੋਂ 1947 ਈ: ਤੱਕ)

5. **ਡਾ. ਜੀਤ ਸਿੰਘ ਸੀਤਲ**

– ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ

ੳ) ਪੂਰਵ ਨਾਨਕ ਕਾਲ (1469 ਈ: ਤੱਕ) – ਆਦਿ ਕਾਲ
ਅ) ਨਾਨਕ ਕਾਲ (1469 ਈ: ਤੋਂ 1708 ਈ: ਤੱਕ) – ਮੱਧ ਕਾਲ
ੲ) ਉਤਰ ਨਾਨਕ ਕਾਲ (1708 ਈ: ਤੋਂ 1850 ਈ: ਤੱਕ)
ਸ) ਪਰਿਵਰਤਨ ਕਾਲ (1850 ਈ: ਤੋਂ 1900 ਈ: ਤੱਕ)
ਹ) ਆਧੁਨਿਕ ਕਾਲ

# ਉਚਿਤ ਕਾਲ–ਵੰਡ :

**ਕਿਰਪਾਲ ਸਿੰਘ ਕੇਸਲ, ਪਰਮਿੰਦਰ ਸਿੰਘ, ਗੋਬਿੰਦ ਸਿੰਘ ਲਾਂਬਾ**

ਇਹਨਾਂ ਵਿਦਵਾਨਾਂ ਨੇ ਸਮੁੱਚੇ ਸਾਹਿਤ ਨੂੰ ਤਿੰਨ ਭਾਗਾਂ / ਕਾਲਾਂ ਵਿੱਚ ਵੰਡਿਆ ਹੈ।

1. ਮੱਧ ਕਾਲ (983 ਈ: ਤੋਂ 1849 ਈ: ਤੱਕ)
2. ਆਧੁਨਿਕ ਕਾਲ (1849 ਈ: ਤੋਂ 1947 ਈ: ਤੱਕ)
3. ਸੁਤੰਤਰਤਾ ਕਾਲ (1947 ਈ: ਤੋਂ ਵਰਤਮਾਨ ਤੱਕ)

# ਸਿੱਟਾ :

ਸਿੱਟਾ ਰੂਪ ਵਿੱਚ ਵੱਖ-ਵੱਖ ਸਾਹਿਤ ਇਤਿਹਾਸਾਂ ਦੀ ਕਾਲ-ਵੰਡ ਸਬੰਧੀ ਬਣਾਏ ਆਧਾਰਾਂ ਦੀਆਂ ਅਲੋਚਨਾਤਮਕ ਟਿੱਪਣੀਆਂ ਸਪਸ਼ਟ ਕਰਦੀਆਂ ਹਨ ਕਿ ਕੋਈ ਵੀ ਕਾਲ-ਵੰਡ ਵਿਗਿਆਨਕ ਅਤੇ ਪ੍ਰਮਾਣਿਕ ਨਹੀਂ ਮੰਨੀ ਜਾ ਸਕਦੀ। ਇਸ ਦਾ ਬੁਨਿਆਦੀ ਕਾਰਨ ਇਹੋ ਜਾਪਦਾ ਹੈ ਕਿ ਸਾਡੇ ਸਾਹਿਤ ਇਤਿਹਾਸਕਾਰਾਂ ਦੇ ਸਾਹਮਣੇ ਕੋਈ ਪੱਕਾ ਪ੍ਰਮਾਣ ਜਾਂ ਮਾਡਲ ਨਹੀਂ ਮਿਲਦਾ। ਜਿਸਨੂੰ ਸਾਂਝੇ ਤੌਰ ਤੇ ਆਪਣਾ ਲੈਣ ਅਤੇ ਉਸ ਨੂੰ ਮੁੱਖ ਰੱਖਕੇ ਕਾਲਵੰਡ ਕਰਨ। ਅੱਜ ਵੀ ਪੰਜਾਬੀ ਸਾਹਿਤ ਲਿਖਣ ਦੀ ਪ੍ਰਕਿਰਿਆ ਚੱਲ ਰਹੀ ਹੈ। ਇਸ ਤਰ੍ਹਾ ਸਾਲ 2005 ਵਿੱਚ ਦਿੱਲੀ ਸਾਹਿਤ ਅਕਾਦਮੀ ਵੱਲੋਂ 14 ਜਿਲਦਾਂ ਵਿੱਚ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਦੀ ਤਜਵੀਜ਼ ਬਣੀ ਜਿੰਨ੍ਹਾਂ ਵਿੱਚੋਂ ਸਮੁੱਚੇ ਅਜੇ 10 ਜਿਲਦਾ ਪ੍ਰਕਾਸ਼ਿਤ ਹੋਈਆਂ ਹਨ।

# ਧੰਨਵਾਦ...

